# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
**ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)।
2) ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਜਲੰਧਰ।
2) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3) ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰ।
4) ਸਮੂਹ ਸਕੂਲ ਮੁੱਖੀ ( ਵੈੱਬ-ਸਾਈਟ ਰਾਹੀਂ)।

ਮੀਮੋ ਨੰ.: ਐਸ.ਐਸ.ਏ/ਐਮਸੀ/2011/ 93949-94029
ਮਿਤੀ, ਚੰਡੀਗੜ੍ਹ 12-12-2011

**ਵਿਸ਼ਾ:-** **ਰਾਜ ਪੱਧਰੀ ਪਹਾੜਿਆਂ ਦੇ ਕੁਇਜ਼ ਮੁਕਾਬਲੇ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ-ਸਮੇਂ ਤੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਿਆਉਣ ਲਈ ਬਹੁਤ ਸਾਰੇ ਕਦਮ ਚੁੱਕੇ ਗਏ ਹਨ ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਿੱਖਿਆ ਵਿਭਾਗ ਵੱਲੋਂ " ਕੁਆਲਿਟੀ ਇੰਪਰੂਵਮੈਂਟ ਇਨ ਮੈਥ ਐਂਡ ਡਿਵੈਲਪਮੈਂਟ " ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਰਾਜ ਦੇ ਸਮੂਹ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾ ਦੇ ਬੱਚਿਆਂ ਲਈ ਪਹਾੜਿਆਂ ਦਾ ਕੁਇਜ਼ ਮੁਕਾਬਲਾ ਐਮ.ਐਮ.ਟੀ. ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਮਿਤੀ 20-5-2011 ਅਤੇ 27-07-2011 ਨੂੰ ਹੋ ਚੁੱਕੇ ਹਨ। ਇਸ ਕੁਇਜ ਮੁਕਾਬਲੇ ਦੀ ਅੰਤਿਮ ਕੜੀ ਰਾਜ ਪੱਧਰ ਤੇ ਮਿਤੀ 19-12-2011 ਨੂੰ **ਲਾਇਲਪੁਰ ਖਾਲਸਾ ਸੀ.ਸੈ.ਸਕੂਲ, ਨਕੋਦਰ ਚੌਂਕ, ਜ਼ਿਲ੍ਹਾ ਜਲੰਧਰ ਵਿਖੇ 11:00 ਵਜੇ ਤੋਂ 1:00 ਵਜੇ ਤੱਕ** ਕਰਵਾਇਆ ਜਾ ਰਿਹਾ ਹੈ।

- ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਈ ਟੀਮ ਰਾਜ ਪੱਧਰ ਮੁਕਾਬਲੇ ਵਿਚ ਭਾਗ ਲਏਗੀ।ਜ਼ਿਲ੍ਹੇ ਪੱਧਰ ਤੇ ਪਹਿਲੇ ਸਥਾਨ ਤੇ ਆਈ ਟੀਮ ਦੇ ਤਿੰਨੋ ਵਿਦਿਆਰਥੀ ਸਮੇਤ ਸਬੰਧਤ ਸਕੂਲ ਦਾ ਅਧਿਆਪਕ ਅਤੇ ਡੀ.ਐਮ.ਸੀ. ਦੱਸੇ ਸਥਾਨ ਤੇ ਰਾਜ ਪੱਧਰੀ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣਗੇ।

  ਇਹ ਰਾਜ ਪੱਧਰੀ ਸਮਾਗਮ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਜਲੰਧਰ ਦੀ ਦੇਖ-ਰੇਖ ਵਿੱਚ ਹੋਵੇਗਾ ਅਤੇ ਇਸ ਮੁਕਾਬਲੇ ਦਾ ਨੋਡਲ ਅਫ਼ਸਰ ਜ਼ਿਲ੍ਹਾ ਮੈਥ ਕੋਆਰਡੀਨੇਟਰ, ਜਲੰਧਰ ਹੋਵੇਗਾ।ਇਸ ਮੁਕਾਬਲੇ ਦੇ ਸੰਚਾਲਨ ਲਈ ਆਉਣ ਵਾਲਾ ਖਰਚਾ ਪਿਛਲੇ ਸਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਭੇਜੀ ਗਈ LEP ਦੀ ਗ੍ਰਾਂਟ ਵਿੱਚ ਬਚੀ ਰਾਸ਼ੀ ਵਿੱਚੋਂ ਲੈ ਕੇ ਜ਼ਿਲ੍ਹਾ ਸਿੱਖਿਆ ਅਫ਼ਸਰ ( ਸੈ.ਸਿ.), ਜਲੰਧਰ ਨੂੰ ਕਰਵਾਉਣ ਹਦਾਇਤ ਕੀਤੀ ਜਾਂਦੀ ਹੈ।

ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰ ਆਪਣੀ ਜੇਤੂ ਟੀਮ ਦੇ ਵੇਰਵੇ ਅਤੇ ਟੀਮ ਨਾਲ ਆਉਣ ਵਾਲੇ ਅਧਿਆਪਕ ਦੇ ਵੇਰਵੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਜਲੰਧਰ ਨੂੰ ਰਜਿਸਟ੍ਰੇਸ਼ਨ ਲਈ ਮਿਤੀ 15-12-2011 ਤੱਕ ਭੇਜ ਦੇਣ ਅਤੇ ਜੇਕਰ ਕੋਈ ਟੀਮ ਦੂਰੀ ਕਰਕੇ ਇਕ ਦਿਨ ਪਹਿਲਾਂ ਜਲੰਧਰ ਪਹੁੰਚਣਾ ਚਾਹੁੰਦੀ ਹੈ ਤਾਂ ਸ਼੍ਰੀ ਹਰਜੀਤ ਕੁਮਾਰ, ਜ਼ਿਲ੍ਹਾ ਮੈਥ ਕੋਆਰਡੀਨੇਟਰ, ਜਲੰਧਰ ਨੂੰ 94635-98369, 8146377771 ਤੇ ਸਪੰਰਕ ਕਰਕੇ ਤਰੁੰਤ ਨੋਟ ਕਰਵਾ ਦੇਣ ਤਾਂ ਜੋ ਉਹਨਾਂ ਦੇ ਠਹਿਰਣ ਦਾ ਪ੍ਰਬੰਧ ਕੀਤਾ ਜਾ ਸਕੇ। ਵਧੇਰੇ ਜਾਣਕਾਰੀ ਲਈ ਫੋਨ ਨੰ. 9888028002 ਤੇ ਸਪੰਰਕ ਕੀਤਾ ਜਾ ਸਕਦਾ ਹੈ।

- ਰਾਜ ਪੱਧਰੀ ਸਮਾਗਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕ ਦੇ ਆਉਣ ਜਾਣ ਦਾ ਖਰਚਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮੈਨੇਜਮੈਂਟ ਕਾਸਟ ਵਿੱਚੋ ਕਰਨਗੇ।
- ਰਾਜ ਪੱਧਰੀ ਸਮਾਗਮ ਵਿੱਚੋਂ ਪਹਿਲਾ,ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 3100/-, 2100/- ਅਤੇ 1500/- ਰੁੱਪਏ ਨਕਦ ਦਿੱਤੇ ਜਾਣਗੇ।

3.0 ਰਾਜ ਪੱਧਰੀ ਪਹਾੜਿਆਂ ਦੇ ਕੁਇਜ਼ ਮੁਕਾਬਲੇ ਪ੍ਰਤੀ ਹਦਾਇਤਾਂ ਇਸ ਪ੍ਰਕਾਰ ਹਨ:-

- ਰਾਜ ਪੱਧਰੀ ਪਹਾੜਿਆਂ ਦੇ ਕੁਇਜ ਮੁਕਾਬਲੇ ਵਿੱਚ ਭਾਗ ਲੈਣ ਵਾਲੀ ਟੀਮਾਂ ਦਾ ਜਬਾਨੀ ਮੁਕਾਬਲਾ ( ਕੁਇਜ਼ ਦੇ ਰੂਪ ਵਿੱਚ) ਕਰਵਾਇਆ ਜਾਵੇਗਾ।
- ਪ੍ਰਸ਼ਨ 35 ਤੱਕ ਦੇ ਪਹਾੜਿਆਂ, ਟੋਕਵੇਂ ਪਹਾੜੇ, ਪਹਾੜਿਆਂ ਦੇ ਗੁਣਜ ਅਤੇ ਇੱਕ ਤੋਂ ਲੈ ਕੇ 20 ਤੱਕ ਪਹਿਲੀਆਂ ਪ੍ਰਾਕ੍ਰਿਤਿਕ ਸੰਖਿਆਵਾਂ ਦੇ ਵਰਗ ਅਤੇ ਘਣ ਵਿੱਚੋ ਆਉਣਗੇ ਅਤੇ ਇਸ ਵਿੱਚੋਂ ਕਿਸੇ ਵੀ ਪ੍ਰਕਾਰ ਦਾ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ।
- ਇਸ ਮੁਕਾਬਲੇ ਵਿੱਚ ਚਾਰ ਰਾਊਂਡ ਹੋਣਗੇ। ਜ਼ਿੰਨ੍ਹਾ ਨੂੰ ਲੋੜ ਅਨੁਸਾਰ ਵਧਾਇਆ ਜਾ ਸਕਦਾ ਹੈ।
- ਹਰੇਕ ਪ੍ਰਸ਼ਨ ਦੇ ਦੋ ਅੰਕ ਹੋਣਗੇ।
- ਹਰੇਕ ਪ੍ਰਸ਼ਨ ਦਾ ਉਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।
- ਜੇਕਰ ਟੀਮ ਉਤਰ ਨਾ ਦੇ ਸਕੇ ਜਾਂ ਗਲਤ ਉਤਰ ਦੇਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ ਅਤੇ ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉਤਰ ਦੇਵੇਗੀ ਉਸ ਨੂੰ '1' ਅੰਕ ਪ੍ਰਾਪਤ ਹੋਵੇਗਾ।
- ਕਿਸੇ ਵੀ ਟੀਮ ਦਾ ਪਾਸ-ਆਨ ਪ੍ਰਸ਼ਨ ਆਪਣੇ ਆਪ ਨੂੰ ਪਾਸ -ਆਨ ਨਹੀਂ ਕੀਤਾ ਜਾਵੇਗਾ।

4.0 ਰਾਜ ਪੱਧਰੀ ਸਮਾਗਮ ਵਿੱਚ ਹਿਸਾ ਲੈਣ ਵਾਲੇ ਵਿਦਿਆਰਥੀ ਅਤੇ ਗਾਈਡ ਅਧਿਆਪਕ ਮੁਕਾਬਲੇ ਵਾਲੇ ਸਥਾਨ ਤੇ ਠੀਕ 10:00 ਵਜੇ (ਸਵੇਰੇ) ਤੱਕ ਰਜਿਸਟ੍ਰੇਸ਼ਨ ਕਰਵਾ ਲੈਣ।ਰਾਜ ਪੱਧਰੀ ਸਮਾਗਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਾਸ਼ਤਾ ਅਤੇ ਦੁਪਿਹਰ ਦਾ ਖਾਣਾ ਵੀ ਦਿੱਤਾ ਜਾਵੇਗਾ।

5.0 **ਉੱਕਤ** ਦਰਸਾਇਆ ਹਦਾਇਤਾਂ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**